HealthLinkBC

Punjabi-Number 01
March 2016

# ਚਿੱਚੜਾਂ ਦਾ ਕੱਟਣਾ ਅਤੇ ਬੀਮਾਰੀ

# Tick Bites and Disease

## ਚਿੱਚੜ ਕੀ ਹਨ?

ਚਿੱਚੜ ਉਹ ਛੋਟੇ ਕੀੜੇ ਹਨ ਜੋ ਤਿਲ ਦੇ ਬੀਜ ਦੇ ਮਾਪ ਦੇ ਹੁੰਦੇ ਹਨ ਅਤ ਖ਼ੂਨ ਪੀਂਦੇ ਹਨ। ਵੱਖ ਵੱਖ ਕਿਸਮ ਦੇ ਚਿੱਚੜ ਵੱਖ ਵੱਖ ਤਰ੍ਹਾਂ ਦੇ ਜਾਨਵਰਾਂ ਤੋਂ ਖ਼ੂਨ ਪੀਣਾ ਪਸੰਦ ਕਰਦੇ ਹਨ। ਕਈ ਵਾਰੀ, ਚਿੱਚੜ ਜਾਨਵਰ ਨੂੰ ਕੱਟਣ ਦੀ ਥਾਂ ਕਿਸੇ ਵਿਅਕਤੀ ਨੂੰ ਕੱਟ ਲੈਂਦਾ ਹੈ। ਭਾਵੇਂ ਜਿਆਦਾਤਰ ਚਿੱਚੜਾਂ ਦੇ ਕੱਟਣ ਕਰਕੇ ਕੋਈ ਬੀਮਾਰੀ ਨਹੀਂ ਹੁੰਦੀ, ਕੁਝ ਨਾਲ ਹੋ ਸਕਦੀ ਹੈ।

ਚਿੱਚੜ ਲੰਮੇ ਘਾਹ ਅਤੇ ਜੰਗਲੀ ਖੇਤਰਾਂ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਕਿਸੇ ਵਿਅਕਤੀ ਉੱਤੇ ਦੇਖਣਾ ਉਸ ਵੇਲੇ ਸਭ ਤੋਂ ਆਸਾਨ ਹੁੰਦਾ ਹੈ ਜਦੋਂ ਉਹ ਅਸਲ ਵਿੱਚ ਖ਼ੂਨ ਚੂਸ ਰਹੇ ਹੋਣ। ਚਿੱਚੜ ਕੁਝ ਹਿੱਸਾ ਚਮੜੀ ਦੇ ਥੱਲੇ ਵੜ ਜਾਂਦੇ ਹਨ, ਕੱਟਦੇ ਹਨ, ਖ਼ੂਨ ਚੂਸਦੇ ਹਨ ਅਤੇ ਫਿਰ ਡਿਗ ਜਾਂਦੇ ਹਨ। ਖ਼ੂਨ ਚੂਸ ਰਹੇ ਚਿੱਚੜ ਦਾ ਮੂੰਹ ਚਮੜੀ ਦੇ ਥੱਲੇ ਹੋਏਗਾ, ਪਰ ਪਿੱਛੇ ਦੇ ਹਿੱਸੇ ਬਾਹਰ ਨਿਕਲੇ ਹੁੰਦੇ ਹਨ। ਖ਼ੂਨ ਦੇ ਭਰੇ ਹੋਣ ਤੋਂ ਬਾਦ ਇਹ ਆਮਤੌਰ ਤੇ ਨੀਲੇਸਲੇਟੀ ਰੰਗ ਦੇ ਹੁੰਦੇ ਹਨ। ਇਸ ਨੂੰ ਭਰਿਆ ਹੋਇਆ ਚਿੱਚੜ ਕਹਿੰਦੇ ਹਨ।




## ਜੇ ਮੈਨੂੰ ਮੇਰੀ ਚਮੜੀ ਤੇ ਚਿੱਚੜ ਮਿਲੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਤੁਹਾਡੀ ਚਮੜੀ ਤੇ ਚਿੱਚੜ ਮਿਲਦਾ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਉਸ ਨੂੰ ਹਟਾ ਦਿਓ। ਆਪਣਾ ਸਾਰਾ ਸਰੀਰ ਅਤੇ ਕਪੜੇ ਜਾਂਚੋ। ਇੱਕ ਚਿੱਚੜ ਮਿਲ ਜਾਣ ਤੋਂ ਬਾਅਦ ਰੁਕੋ ਨਾ। ਸੰਭਵ ਹੈ ਕਿ ਹੋਰ ਵੀ ਹੋਣ। ਸੁਨਿਸ਼ਚਿਤ ਕਰੋ ਕਿ ਰੌਸ਼ਨੀ ਚੰਗੀ ਹੈ, ਤਾਂ ਕਿ ਤੁਸੀਂ ਕੋਈ ਵੀ ਚਿੱਚੜ ਦੇਖਣਾ ਖੁੰਝਾ ਨਾ ਦਿਓ। ਜੇ ਤੁਸੀਂ ਚਿੱਚੜ ਤੱਕ ਪਹੁੰਚ ਨਹੀਂ ਸਕਦੇ ਜਾਂ ਉਸ ਨੂੰ ਚੰਗੀ ਤਰ੍ਹਾਂ ਦੇਖ ਨਹੀਂ ਸਕਦੇ, ਤਾਂ ਕਿਸੇ ਹੋਰ ਕੋਲੋਂ ਚਿੱਚੜ ਨੂੰ ਹਟਾਉਣ ਵਿੱਚ ਸਹਾਇਤਾ ਲਓ ਜਾਂ ਉਸ ਨੂੰ ਹਟਾਉਣ ਲਈ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਕੋਲ ਜਾਓ। ਆਪਣੇ ਬੱਚਿਆਂ ਅਤੇ ਪਾਲਤੂ ਜਾਨਵਰਾਂ ਦਾ ਚਿੱਚੜਾਂ ਲਈ ਨਰੀਖਣ ਕਰੋ ਜੇ ਉਹ ਉਸ ਖੇਤਰ ਵਿੱਚ ਗਏ ਸੀ ਜਿਥੇ ਚਿੱਚੜ ਰਹਿ ਸਕਦੇ ਹਨ।

### ਚਿੱਚੜ ਹਟਾਉਣ ਲਈ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਕੋਲ ਕਦੋਂ ਜਾਣਾ ਚਾਹੀਦਾ ਹੈ

ਜੇ ਚਿੱਚੜ ਤੁਹਾਡੀ ਚਮੜੀ ਵਿੱਚ ਕਾਫੀ ਡੂੰਘਾ ਖੁਭਿਆ ਹੋਇਆ ਹੈ ਤਾਂ ਉਸ ਨੂੰ ਹਟਾਉਣ ਲਈ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਕੋਲ ਜਾਓ। ਅਜਿਹਾ ਤਾਂ ਹੁੰਦਾ ਹੈ ਜੇ ਚਿੱਚੜ ਕਾਫੀ ਘੰਟਿਆਂ ਤੋਂ ਜਾਂ ਇੱਕ ਜਾਂ ਦੋ ਦਿਨ ਤੋਂ ਤੁਹਾਡੇ ਤੇ ਹੈ। ਜਦੋਂ ਚਿੱਚੜ ਤੁਹਾਡੀ ਚਮੜੀ ਵਿੱਚ ਕਾਫੀ ਡੂੰਘਾ ਵੜ ਗਿਆ ਹੈ ਤਾਂ ਉਸ ਦੇ ਮੂੰਹ ਦੇ ਕੁਝ ਹਿਸਿਆਂ ਨੂੰ ਚਮੜੀ ਵਿੱਚ ਛੱਡੇ ਬਿਨਾਂ ਚਿੱਚੜ ਨੂੰ ਹਟਾਉਣਾ ਬਹੁਤ ਮੁਸ਼ਕਲ ਹੈ, ਜੋ ਵਿਗਾੜ ਦਾ ਕਾਰਨ ਬਣ ਸਕਦਾ ਹੈ।

### ਚਿੱਚੜ ਨੂੰ ਆਪਣੇ ਆਪ ਕਿਵੇਂ ਹਟਾਇਆ ਜਾਏ

ਜੇ ਤੁਸੀਂ ਚਿੱਚੜ ਨੂੰ ਆਪਣੇ ਆਪ ਹਟਾ ਸਕਦੇ ਹੋ, ਤਾਂ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ।

1. ਚਿੱਚੜ ਨੂੰ ਉਸ ਦੇ ਮੂੰਹ ਦੇ ਜਿੰਨੀ ਨੇੜੇ ਹੋ ਸਕੇ ਸਹਿਜੇ ਪਕੜਨ ਲਈ ਚਿਮਟੀ ਵਰਤੋ। ਚਿੱਚੜ ਦਾ ਸਰੀਰ ਤੁਹਾਡੀ ਚਮੜੀ ਦੇ ਉਪਰ ਹੋਏਗਾ। ਚਿੱਚੜ ਨੂੰ ਆਪਣੇ ਹੱਥਾਂ ਨਾਲ ਨਾ ਛੂਹੋ। ਜੇ ਸੰਭਵ ਹੋਏ ਤਾਂ ਦਸਤਾਨੇ ਪਾਓ।
2. ਆਰਾਮ ਨਾਲ ਚਿੱਚੜ ਨੂੰ ਚਮੜੀ ਤੋਂ ਸਿੱਧਾ ਚੁੱਕ ਲਓ। ਚਿੱਚੜ ਨੂੰ ਦਬਾਓ ਨਾ ਕਿਉਂਕਿ ਇਹ ਉਸ ਦੇ ਪੇਟ ਵਿੱਚਲੇ ਤੱਤਾਂ ਨੂੰ ਜਬਰਦਸਤੀ ਜ਼ਖਮ ਵਿੱਚ ਮਿਲਾ ਸਕਦਾ ਅਤੇ ਵਿਗਾੜ ਦੇ ਸੰਜੋਗ ਨੂੰ ਵਧਾ ਸਕਦਾ ਹੈ। ਚਿੱਚੜ ਨੂੰ ਨਾ ਤਾਂ ਝਟਕੋ, ਨਾ ਹੀ ਖੋਲੋ ਜਾਂ ਮਰੋੜੋ ਕਿਉਂਕਿ ਸੰਭਵ ਹੈ ਅਜਿਹਾ ਕਰਨਾ ਸਿਰ ਨੂੰ ਧੜ ਤੋਂ ਵਖਰਾ ਕਰ ਦੇਵੇ। ਇਹ ਸੁਨਿਸ਼ਚਿਤ ਕਰਨਾ ਬਹੁਤ ਜਰੂਰੀ ਹੈ ਕਿ ਤੁਹਾਡੀ ਚਮੜੀ ਵਿੱਚ ਖੁੱਭੇ ਮੂੰਹ ਦੇ ਹਿਸਿਆਂ ਸਮੇਤ, ਸਾਰਾ ਚਿੱਚੜ ਹਟਾ ਦਿੱਤਾ ਜਾਏ।
3. ਚਿੱਚੜ ਹਟਾ ਦਿੱਤੇ ਜਾਣ ਦੇ ਬਾਅਦ, ਉਸ ਜਗ੍ਹਾ ਨੂੰ ਸਾਬਣ ਅਤੇ ਪਾਣੀ ਦੇ ਨਾਲ ਸਾਫ ਕਰੋ। ਤੁਸੀਂ ਉਸ ਜਗ੍ਹਾ ਤੇ ਥੋੜੀ ਜਿਹੀ ਐਂਟੀਬਾਇਓਟਿਕ ਕਰੀਮ ਵੀ ਲਗਾ ਸਕਦੇ ਹ। ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵ।

ਤੁਸੀਂ ਚਿੱਚੜ ਨੂੰ ਗ੍ਰੀਸ ਜਾਂ ਪਟਰੋਲ ਲਗਾ ਕੇ ਜਾਂ ਮਾਚਸ ਜਾਂ ਸਿਗਰੇਟ ਲਗਾ ਕੇ ਨਹੀਂ ਹਟਾ ਸਕਦੇ। ਇਹ ਕੰਮ ਨਹੀਂ ਕਰਦਾ ਅਤੇ ਵਿਗਾੜ ਹੋਣ ਦੇ ਸੰਜੋਗ ਨੂੰ ਵਧਾ ਸਕਦਾ ਹੈ।

### ਚਿੱਚੜ ਨੂੰ ਹਟਾਉਣ ਤੋਂ ਬਾਅਦ ਉਸ ਦਾ ਕੀ ਕਰਨਾ ਚਾਹੀਦਾ ਹੈ

ਜੇ ਚਿੱਚੜ ਜ਼ਿੰਦਾ ਹੈ, ਤਾਂ ਉਸ ਨੂੰ ਜਿਉਂਦਾ ਰੱਖਣ ਲਈ ਪਾਣੀ ਨਾਲ ਗਿੱਲੇ ਕੀਤੇ ਗਏ ਰੂੰ ਦੇ ਫੋਹੇ ਦੇ ਨਾਲ ਇੱਕ ਘੁੱਟ ਕੇ ਬੰਦ ਹੋਣ ਵਾਲੇ ਢਕਣ ਵਾਲੇ ਡੱਬੇ (ਉਦਾਹਰਣ ਲਈ ਦਵਾਈ ਦੀ ਬੋਤਲ) ਵਿੱਚ ਪਾਓ। ਰੱਬਿੰਗ ਅਲਕੋਹਲ ਜਾਂ ਕੋਈ ਹੋਰ ਤਰਲ ਪਦਾਰਥ ਨਾ ਵਰਤੋ। ਚਿੱਚੜ ਵਾਲੇ ਡੱਬੇ ਨੂੰ ਥੋੜੀ ਦੇਰ ਲਈ ਫਰਿੱਜ ਵਿੱਚ ਰੱਖਿਆ ਜਾ ਸਕਦਾ ਹੈ।

ਜਿੰਨੀ ਜਲਦੀ ਸੰਭਵ ਹੋਵੇ ਤੁਸੀਂ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨਾਲ ਇਸ ਬਾਰੇ ਗੱਲ ਕਰ ਲਓ ਕਿ ਕੀ ਚਿੱਚੜ ਨੂੰ ਪਰੀਖਣ ਲਈ ਬੀ ਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਕੋਲ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।

## ਮੈਂ ਚਿੱਚੜ ਦੁਆਰਾ ਕੱਟੇ ਜਾਣ ਤੋਂ ਕਿਸ ਤਰ੍ਹਾਂ ਬੱਚ ਸਕਦਾ/ਦੀ ਹਾਂ?

ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਚਿੱਚੜਾਂ ਅਤੇ ਕੀੜਿਆਂ ਦੁਆਰਾ ਕੱਟੇ ਜਾਣ ਤੋਂ ਰੱਖਿਆ ਕਰਨ ਲਈ ਇਹਨਾਂ ਸੁਝਾਵਾਂ ਦੀ ਪਾਲਣਾ ਕਰਕੇ ਸਹਾਇਤਾ ਕਰ ਸਕਦੇ ਹੋ ਜਦ ਤੁਸੀਂ ਅਜਿਹੇ ਖੇਤਰ ਵਿੱਚ ਸਮਾਂ ਬਤੀਤ ਕਰਦੇ ਹੋ ਜਿੱਥੇ ਚਿੱਚੜ ਹੋ ਸਕਦੇ ਹਨ:

- ਜਿਥੇ ਵੀ ਸੰਭਵ ਹੋਵੇ ਲੰਮੇ ਘਾਹ ਜਾਂ ਜੰਗਲ ਵਿੱਚ ਚਲਦੇ ਹੋਏ ਸਾਫ ਕੀਤੇ ਹੋਏ ਰਸਤਿਆਂ ਤੇ ਹੀ ਚਲੋ।
- ਹਲਕੇ ਰੰਗਾਂ ਦੇ ਕਪੜੇ ਪਾਓ, ਆਪਣੀ ਟੌਪ ਨੂੰ ਪੈਂਟ ਦੇ ਅੰਦਰ ਪਾ ਲਓ, ਅਤੇ ਆਪਣੀ ਪੈਂਟ ਦੇ ਪੌਚਿਆਂ ਨੂੰ ਬੂਟਾਂ ਜਾਂ ਜੁਰਾਬਾਂ ਵਿੱਚ ਪਾ ਲਓ।
- ਆਪਣੇ ਕਪੜਿਆਂ ਅਤੇ ਸਾਰੀ ਨੰਗੀ ਚਮੜੀ ਤੇ ਅਜਿਹੀ ਕੀੜਿਆਂ ਨੂੰ ਦੂਰ ਭਜਾਉਣ ਵਾਲਾ ਕੋਈ ਪਦਾਰਥ ਲਗਾਓ ਜਿਸ ਵਿੱਚ ਡੀਟ (DEET) ਹੋਵੇ। ਡੱਬੇ ਉੱਤੇ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਸ ਨੂੰ ਦੁਬਾਰਾ ਲਗਾਓ। ਕੀੜੇ ਭਜਾਉਣ ਵਾਲੇ ਪਦਾਰਥਾਂ ਅਤੇ ਡੀਟ ਬਾਰੇ ਹੋਰ ਜਾਣਕਾਰੀ ਲਈ, HealthLinkBC # 96 ਕੀੜੇ ਭਜਾਉਣ ਵਾਲੇ ਪਦਾਰਥ ਅਤੇ ਡੀਟ ਦੇਖੋ।
- ਚਿੱਚੜਾਂ ਦੇ ਰਹਿਣ ਦੀ ਸੰਭਾਵਨਾ ਵਾਲੀ ਕਿਸੀ ਜਗ੍ਹਾ ਨੂੰ ਛੱਡਣ ਤੋਂ ਪਹਿਲਾਂ ਕਪੜੇ ਅਤੇ ਖੋਪਰੀ ਦੀ ਜਾਂਚ ਕਰੋ। ਚਮੜੀ ਦੀਆਂ ਸਿਲਵਟਾਂ ਵਾਲੀਆਂ ਥਾਵਾਂ ਦੇਖੋ। ਛੋਟੇ ਬੱਚਿਆਂ ਦੀ ਜਾਂਚ ਕਰਨ ਲਈ ਕਿਸੇ ਦੀ ਸਹਾਇਤਾ ਲਓ।
- ਲੰਮੇ ਘਾਹ ਅਤੇ ਜੰਗਲੀ ਖੇਤਰਾਂ ਵਿੱਚ ਜਾਣ ਵਾਲੇ ਘਰੇਲੂ ਪਾਲਤੂ ਜਾਨਵਰਾਂ ਦੀ ਨਿਯਮਿਤ ਤੌਰ ਤੇ ਜਾਂਚ ਕਰੋ।

## ਚਿੱਚੜਾਂ ਨਾਲ ਕਿਹੜੀਆਂ ਬੀਮਾਰੀਆਂ ਫੈਲ ਸਕਦੀਆਂ ਹਨ?

ਚਿੱਚੜਾਂ ਦੇ ਕੱਟਣ ਕਰਕੇ ਕਈ ਬੀਮਾਰੀਆਂ ਮਨੁੱਖਾਂ ਤੱਕ ਆ ਸਕਦੀਆਂ ਹਨ। ਸਭ ਤੋਂ ਜਾਣੀ ਮਾਣੀ ਲਾਈਮ (Lyme) ਬੀਮਾਰੀ ਹੈ।

ਲਾਈਮ (Lyme) ਬੀਮਾਰੀ ਦੇ ਹੋਣ ਦਾ ਕਾਰਨ ਬਣਨ ਵਾਲਾ ਜੀਵਾਣੂ, *ਬੋਰੇਲੀਆ ਬਰਗਡੋਰਫੇਰੀ* (Borrelia burgdorferi), ਬ੍ਰਿਟਿਸ਼ ਕੁਲੰਬੀਆ ਦੇ ਕਈ ਖੇਤਰਾਂ ਵਿੱਚੋਂ ਇਕੱਠੇ ਕੀਤੇ ਗਏ ਚਿੱਚੜਾਂ ਵਿੱਚ ਮਿਲਿਆ ਹੈ, ਅਤੇ ਪਿਛਲੇ 15 ਸਾਲਾਂ ਵਿੱਚ ਲਾਈਮ (Lyme) ਬੀਮਾਰੀ ਦੇ ਦਰਜਨਾਂ ਮਾਮਲੇ ਪਛਾਣੇ ਗਏ ਹਨ। ਲਾਈਮ ਬੀਮਾਰੀ ਵਾਲੇ ਬਹੁਤ ਸਾਰੇ ਲੋਕਾਂ ਨੇ ਪ੍ਰਾਂਤ ਤੋਂ ਬਾਹਰ ਸਫਰ ਨਹੀਂ ਕੀਤਾ ਹੈ, ਅਤੇ ਮੁਮਕਿਨ ਹੈ ਕਿ ਉਨ੍ਹਾਂ ਨੂੰ ਇਹ ਬੀਮਾਰੀ ਬੀ ਸੀ ਵਿੱਚ ਹੀ ਲੱਗੀ ਹੋਣੀ ਹੈ।

ਸਾਰੇ ਚਿੱਚੜਾਂ ਵਿੱਚ ਲਾਈਮ ਬੀਮਾਰੀ ਵਾਲੇ ਬੈਕਟੀਰਿਆ ਨਹੀਂ ਹੁੰਦੇ, ਅਤੇ ਇੰਨਾਂ ਦਾ ਤੁਹਾਨੂੰ ਇਹ ਦੇਣ ਦੀ ਸੰਭਾਵਨਾ ਬਹੁਤ ਹੀ ਘੱਟ ਹੁੰਦਾ ਹੈ। ਪਰ ਕਿਉਂ ਕਿ ਲਾਈਮ ਬੀਮਾਰੀ ਇਕ ਗੰਭੀਰ ਬੀਮਾਰੀ ਹੈ, ਇਸ ਲਈ ਕੱਟੇ ਜਾਣ ਤੋਂ ਬੱਚਣ ਲਈ ਕਦਮ ਚੁੱਕਣਾ ਜਰੂਰੀ ਹੈ।

ਚਿੱਚੜਾਂ ਦੁਆਰਾ ਆਉਣ ਵਾਲੀਆਂ ਹੋਰ ਬੀਮਾਰੀਆਂ ਵਿੱਚ ਸ਼ਾਮਲ ਹਨ ਮੁੜ ਮੁੜ ਕੇ ਹੋਣ ਵਾਲਾ ਬੁਖਾਰ (relapsing fever), ਟੁਲਾਰੇਮੀਆ (tularemia), ਰੌਕੀ ਮਾਉਂਨਟੇਨ ਸਪੌਟੇਡ ਫੀਵਰ –ਆਰ ਐਮ ਐਸ ਐਫ) (Rocky Mountain Spotted Fever (RMSF)), ਕਿਯੂ ਫੀਵਰ (Q fever), ਅਤੇ ਐਨਾਪਲਾਜ਼ਮੋਸਿਸ (anaplasmosis) ਜਿਸ ਨੂੰ ਪਹਿਲਾਂ ਅਹਰਲੀਕਿਓਸਿਸ (Ehrlichiosis) ਕਹਿੰਦੇ ਸਨ। ਇਹ ਸਾਰੀਆਂ ਬੀਮਾਰੀਆਂ ਬ੍ਰਿਟਿਸ਼ ਕੁਲੰਬੀਆ ਵਿੱਚ ਵਿਰਲੀਆਂ ਹਨ।

ਕੁਝ ਚਿੱਚੜ ਅਜਿਹਾ ਜ਼ਹਿਰ (toxin) ਛੱਡ ਸਕਦੇ ਹਨ ਜਿਨ੍ਹਾਂ ਕਰਕੇ ਅਸਥਾਈ ਲਕਵਾ ਹੋ ਸਕਦਾ ਹੈ। ਇਸ ਕਰਕੇ ਪੂਰੇ ਚਿੱਚੜ ਨੂੰ ਜਿੰਨੀ ਜਲਦੀ ਹੋ ਸਕੇ ਹਟਾਉਣਾ ਮਹੱਤਵਪੂਰਨ ਹੈ।

## ਚਿੱਚੜਾਂ ਸੰਬੰਧੀ ਬੀਮਾਰੀਆਂ ਦੇ ਕੀ ਲੱਛਣ ਹਨ?

ਜੇ ਤੁਹਾਨੂੰ ਚਿੱਚੜ ਦੁਆਰਾ ਕੱਟੇ ਜਾਣ ਦੇ ਕੁਝ ਦਿਨਾਂ ਜਾਂ ਹਫਤਿਆਂ ਦੇ ਅੰਦਰ ਹੇਠਾਂ ਦਿੱਤੇ ਲੱਛਣ ਹੁੰਦੇ ਹਨ, ਤਾਂ ਤੁਰੰਤ ਹੀ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਦਸੋ। ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਦਸੋ ਕਿ ਚਿੱਚੜ ਨੇ ਤੁਹਾਨੂੰ ਕਦੋਂ ਅਤੇ ਕਿਥੇ ਕੱਟਿਆ ਸੀ।

- ਬੁਖਾਰ, ਸਿਰਦਰਦ, ਮਾਸਪੇਸ਼ੀਆਂ ਅਤੇ ਜੋੜਾਂ ਦੀਆਂ ਦਰਦਾਂ, ਥਕੇਵਾਂ, ਜਾਂ ਚਿਹਰੇ ਦੀਆਂ ਮਾਸਪੇਸ਼ੀਆਂ ਦੀ ਕਮਜੋਰੀ ਦੇ ਆਮ ਲੱਛਣ।
- ਚਮੜੀ ਤੇ ਰੈਸ਼, ਖਾਸ ਕਰਕੇ ਉਹ ਜਿਹੜਾ ਗੋਲ ਗੋਲ (bull's eye) ਵਰਗਾ ਦਿਖਦਾ ਹੈ, ਜਿਹੜਾ ਕੱਟੇ ਜਾਣ ਦੀ ਜਗ੍ਹਾ ਤੇ ਹੋ ਸਕਦਾ ਹੈ ਜਾਂ ਨਹੀਂ।
- ਬਹੁਤ ਵਿਰਲੇ ਕੇਸਾਂ ਵਿੱਚ, ਲਕਵਾ ਵੀ ਹੋ ਸਕਦਾ ਹੈ। ਲਕਵਾ ਆਮਤੌਰ ਤੇ ਪੈਰਾਂ ਅਤੇ ਲੱਤਾਂ ਵਿੱਚ ਸ਼ੁਰੂ ਹੁੰਦਾ ਹੈ ਅਤੇ ਸਰੀਰ ਦੇ ਉਪਰਲੇ ਹਿੱਸੇ, ਬਾਹਵਾਂ ਅਤੇ ਸਿਰ ਤੱਕ ਪਹੁੰਚ ਜਾਂਦਾ ਹੈ। ਲਕਵਾ ਆਮਤੌਰ ਤੇ ਕੱਟੇ ਜਾਣ ਦੇ ਕੁਝ ਘੰਟਿਆਂ ਤੋਂ ਇੱਕ ਜਾਂ ਦੋ ਦਿਨ ਦੇ ਅੰਦਰ ਸ਼ੁਰੂ ਹੋ ਜਾਂਦਾ ਹੈ।

## ਇਸ ਦਾ ਇਲਾਜ ਕੀ ਹੈ?

ਇਸ ਵੇਲੇ ਚਿੱਚੜਾਂ ਦੁਆਰਾ ਹੋ ਸਕਣ ਵਾਲੀਆਂ ਕੋਈ ਵੀ ਬੀਮਾਰੀਆਂ ਲਈ ਕੈਨੇਡਾ ਵਿੱਚ ਕੋਈ ਵੀ ਲਸੰਸਸ਼ੁਦਾ ਵੈਕਸੀਨਾਂ ਨਹੀਂ ਹਨ।

ਲਾਈਮ ਬੀਮਾਰੀ ਅਤੇ ਚਿੱਚੜਾਂ ਸੰਬੰਧੀ ਦੂਸਰੀਆਂ ਬੀਮਾਰੀਆਂ ਦਾ ਇਲਾਜ ਐਂਟੀਬਾਇਓਟਿਕਾਂ ਦੇ ਨਾਲ ਕੀਤਾ ਜਾ ਸਕਦਾ ਹੈ। ਜਲਦੀ ਪਛਾਣ ਅਤੇ ਇਲਾਜ ਨਾਲ ਜਟਿਲਤਾਵਾਂ ਨੂੰ ਰੋਕਿਆ ਜਾ ਸਕਦਾ ਹੈ।

BC Centre for Disease Control
An agency of the Provincial Health Services Authority